# ਤਾਂ ਤੁਸੀਂ ਵਿਆਹ ਕਰਨ ਦੀ ਸੋਚ ਰਹੇ ਹੋ?
## ਮੱਤੀ 19:3-9, ਇਕ ਨੇੜ ਝਾਤ

ਨਿਕਾਹ ਕਰਵਾਉਣ ਤੇ ਸਹਿਮਤ ਹੋਣ ਤੋਂ ਪਹਿਲਾਂ, ਮੈਂ ਕੁੜੀ ਮੁੰਡੇ ਨਾਲ ਇਕ ਵਾਰ ਨਹੀਂ ਕਈ ਵਾਰ ਉਸ ਨਿਕਾਹ ਤੇ ਗੱਲ ਕਰਨ ਤੇ ਜ਼ੋਰ ਦਿੰਦਾ ਹਾਂ, ਜੋ ਖ਼ੁਦਾ ਚਾਹੁੰਦਾ ਹੈ ਕਿ ਉਨ੍ਹਾਂ ਦਾ ਹੋਣਾ ਚਾਹੀਦਾ ਹੈ। ਬਦਕਿਸਮਤੀ ਨਾਲ ਵਿਆਹ ਤੋਂ ਪਹਿਲਾਂ ਸਿਖਾਉਣ ਦੀਆਂ ਇਹ ਕਲਾਸਾਂ ਆਮ ਤੌਰ ਤੇ ਕੁਝ ਹਫ਼ਤਿਆਂ ਜਾਂ ਕੁਝ ਦਿਨਾਂ ਜਾਂ ਕੁਝ ਘੰਟਿਆਂ ਦੀਆਂ ਹੁੰਦੀਆਂ ਹਨ। ਉਸ ਸਮੇਂ, ਮੇਰੀ ਗੱਲ ਦਾ ਉਨ੍ਹਾਂ ਤੇ ਬਹੁਤ ਘੱਟ ਅਸਲ ਹੁੰਦਾ ਹੈ। ਮੈਂ ਅਕਸਰ ਇਹ ਇੱਛਾ ਕੀਤੀ ਹੈ ਕਿ ਮੈਂ ਉਨ੍ਹਾਂ ਨਾਲ ਕਈ ਮਹੀਨੇ ਜਾਂ ਸਾਲ ਪਹਿਲਾਂ, ਗੱਲ ਕਹਾਂ ਜਦੋਂ ਉਹ ਵਿਆਹ ਕਰਨ ਦੀ ਸੋਚ ਰਹੇ ਹੋਣ। ਇਸ ਪਾਠ ਵਿਚ ਮੈਨੂੰ ਇਹੋ ਕਰਨ ਦੀ ਉਮੀਦ ਹੈ।

ਮੈਂ ਇਸ ਸਰਮਨ ਦਾ ਨਾਂਅ ''ਤਾਂ ਤੁਸੀਂ ਵਿਆਹ ਕਰਨ ਦੀ ਸੋਚ ਰਹੇ ਹੋ?''[1] ਰੱਖ ਰਿਹਾ ਹਾਂ। ਨੀਲ ਪ੍ਰਾਇਰ ਨੇ ਇਕ ਜਵਾਨ ਜੋੜੇ ਬਾਰੇ ਦੱਸਿਆ ਸੀ, ਜੋ ਬੰਦਗੀ ਤੋਂ ਪਹਿਲਾਂ ਪ੍ਰਚਾਰਕ ਕੋਲ ਜਾ ਕੇ ਕਹਿਣ ਲੱਗੇ ਕਿ ਉਨ੍ਹਾਂ ਨੇ ਵਿਆਹ ਕਰਵਾਉਣ ਲਈ ਉਸ ਨਾਲ ਗੱਲ ਕਰਨੀ ਹੈ। ਪ੍ਰਚਾਰਕ ਨੇ ਬੰਦਗੀ ਤੋਂ ਬਾਅਦ ਉਨ੍ਹਾਂ ਨਾਲ ਗੱਲ ਕਰਨ ਦੀ ਸਹਿਮਤੀ ਜਤਾਈ। ਬੰਦਗੀ ਦੇ ਅਖੀਰ ਵਿਚ, ਪ੍ਰਚਾਰਕ ਨੂੰ ਉਨ੍ਹਾਂ ਦੇ ਨਾਂਅ ਚੇਤੇ ਨਹੀਂ ਰਹੇ, ਤਾਂ ਉਸਨੇ ਕਹਿ ਦਿੱਤਾ, ''ਜੋ ਲੋਕ ਵਿਆਹ ਕਰਨਾ ਚਾਹੁੰਦੇ ਹਨ, ਆਖ਼ਰੀ ਦੁਆ ਤੋਂ ਬਾਅਦ ਮੇਰੇ ਦਫ਼ਤਰ ਵਿਚ ਆ ਜਾਣ'' ਨੀਲ ਮੁਤਾਬਿਕ ਇਕ ਮਰਦ ਅਤੇ ਬਾਰਾਂ ਔਰਤਾਂ ਉਸ ਦੇ ਕੋਲ ਆ ਗਈਆਂ।[2] ਪਰ ਸਚਿਆਈ ਇਹ ਹੈ ਕਿ ਔਰਤਾਂ ਹੋਣ ਜਾਂ ਮਰਦ ਜ਼ਿਆਦਾਤਰ ਕੁਆਰੇ ਲੋਕਾਂ ਨੇ ਵਿਆਹ ਕਰਨ ਦੀ ਗੱਲ ਸੋਚ ਰੱਖੀ ਹੁੰਦੀ ਹੈ। ਜ਼ਿੰਦਗੀਭਰ ਲਈ ਸੌਂਹ ਖਾਣ ਤੋਂ ਪਹਲਿਾਂ, ਹੁਣ ਇਸ ਵਿਸ਼ੇ ਤੇ ਸੰਜੀਦਗੀ ਨਾਲ ਵਿਚਾਰ ਕਰਨ ਦਾ ਸਮਾਂ ਹੈ।

ਕਿਸੇ ਜਵਾਨ ਜੋੜੇ ਨਾਲ ਵਿਆਹ ਦੀ ਗੱਲ ਕਰਦੇ ਹੋਏ, ਮੈਂ ਆਮ ਤੌਰ ਤੇ ਮੱਤੀ 19:3–9 ਤੋਂ ਸ਼ੁਰੂ ਕਰਦਾ ਹਾਂ।[3] ਇਸ ਸਮੇਂ ਮੈਂ ਤੁਹਾਡੇ ਨਾਲ ਕਿਸੇ ਵਿੱਚੋਂ ਗੱਲ ਕਰਨਾ ਚਾਹੁੰਦਾ ਹਾਂ।[4]

### ਵਿਆਹ ਖ਼ੁਦਾ ਵੱਲੋਂ ਹੈ (ਮੱਤੀ 19:4-6)

ਵਿਆਹ ਪ੍ਰਭੂ ਵੱਲੋਂ ਕੀਤਾ ਗਿਆ ਪ੍ਰਬੰਧ ਸੀ (ਮੱਤੀ 19:4, 5)। ਜਗਤ ਦੀ ਸਿਰਜਣਾ ਕਰਨ ਤੇ ਖ਼ੁਦਾ ਨੇ ਪਹਿਲੀ ਗੱਲ ਜਿਸ ਨੂੰ ''ਚੰਗਾ ਨਹੀਂ'' ਕਿਹਾ ਸੀ, ਉਹ ਮਨੁੱਖ ਦਾ ਇਕੱਲਾ ਰਹਿਣਾ ਹੀ ਸੀ (ਉਤਪਤ 2:18)। ਖ਼ੁਦਾ ਨੇ ਔਰਤ ਨੂੰ ਮਰਦ ਲਈ ''ਉਸ ਨਾਲ ਮੇਲ ਖਾਂਦਾ ਸਹਾਇਕ'' ਬਣਾਇਆ ਸੀ (ਉਤਪਤ 2:18)। ਔਰਤ ਦੇ ਬਣਾਏ ਜਾਣ ਦੀ ਕਹਾਣੀ ਉਤਪਤ 2:21, 22 ਵਿਚ ਮਿਲਦੀ ਹੈ। ਕਿਹਾ ਜਾਂਦਾ ਹੈ ਕਿ ਔਰਤ ਨੂੰ ਮਰਦ ਦੇ ਸਿਰ ਵਿੱਚੋਂ ਨਹੀਂ ਕੱਢਿਆ ਗਿਆ, ਤਾਂ ਕਿ ਉਹ ਉਸ ਤੇ ਅਧਿਕਾਰ ਨਾ ਕਰਨ ਲੱਗੇ, ਨਾ ਉਸਨੂੰ ਉਸਦੇ ਪੈਰਾਂ ਵਿੱਚੋਂ ਕੱਢਿਆ ਗਿਆ ਤਾਂ ਕਿ ਉਹ ਉਸਦੇ ਪੈਰਾਂ ਹੇਠਾਂ ਨਾ ਰੋਲੀ ਜਾਵੇ, ਬਲਕਿ ਉਸ ਨੂੰ ਉਸ ਦੀ ਪੱਸਲੀ ਵਿੱਚੋਂ ਕੱਢਿਆ ਗਿਆ ਤਾਂ ਜੋ ਉਸਦੀ ਸੁਰੱਖਿਆ ਵਿਚ ਉਸ ਨੂੰ ਭਾਉਂਦਾ ਰਹੇ।

ਵਿਆਹ ਖ਼ੁਦਾ ਵੱਲੋਂ ਹੈ, ਇਸ ਲਈ ਖ਼ੁਦਾ ਦੇ ਅਧਿਕਾਰ ਵਿਚ ਹੈ। ਸਚਮੁਚ ਖੁਸ਼ਹਾਲ ਵਿਆਹ

ਭਾਵ ਖ਼ੁਦਾ ਨੂੰ ਭਾਉਣ ਵਾਲੀ ਵਿਆਹੁਤਾ ਜ਼ਿੰਦਗੀ ਖ਼ੁਦਾ ਦੇ ਵਚਨ ਵਿਚ ਪਾਏ ਜਾਣ ਵਾਲੇ ਸਿਧਾਂਤਾਂ ਤੇ ਬਣੀ ਹੋਣੀ ਜ਼ਰੂਰੀ ਹੈ।

## ਵਿਆਹ ਲਈ ਤਿਆਰੀ ਦੀ ਲੋੜ (ਮੱਤੀ 19:4-6)

ਚੰਗਾ ਵਿਆਹ ਐਵੇਂ ਹੀ ਨਹੀਂ ਹੋ ਜਾਂਦਾ। ਵਿਆਹ ਲਈ ਖ਼ੁਦਾ ਦੀਆ ਕੁਝ ਸ਼ਰਤਾਂ ਸਾਡੇ ਇਸ ਬਾਈਬਲ ਪਾਠ ਵਿਚ ਮਿਲਦੀਆਂ ਹਨ।

ਵਿਆਹ ਲਈ ਵਿਭਿੰਨਤਾ ਦੀ ਲੋੜ ਹੈ: ਖ਼ੁਦਾ ਦੀਆਂ ਕੁਝ ਸ਼ਰਤਾਂ ਸਾਡੇ ਇਸ ਬਾਈਬਲ ਪਾਠ ਵਿਚ ਮਿਲਦੀਆਂ ਹਨ। ਵਿਆਹ ਲਈ ਵਿਭਿੰਨਤਾ ਦੀ ਲੋੜ ਹੈ: ਖ਼ੁਦਾ ਨੇ ''...ਉਨ੍ਹਾਂ ਨੂੰ ਨਰ ਅਰ ਨਾਰੀ ਬਣਾਇਆ'' (ਆਇਤ 4)। ਉਸ ਨੇ ਉਨ੍ਹਾਂ ਨੂੰ ਨਰ ਅਰ ਨਰ ਜਾਂ ਨਾਰੀ ਅਰ ਨਾਰੀ ਨਹੀਂ ਬਣਾਇਆ। ਕਥਿਤ ਸਮਲਿੰਗੀ ਵਿਆਹ ਖ਼ੁਦਾ ਦੀ ਨਜ਼ਰ ਵਿਚ ਭੈੜਾ ਕੰਮ ਹੈ (ਰੋਮੀਆਂ 1:26, 27)।

ਵਿਆਹ ਲਈ *ਛੱਡਣਾ* ਜ਼ਰੂਰੀ ਹੈ: ''ਇਸ ਲਈ ਮਰਦ ਆਪਣੇ ਮਾਪੇ ਛੱਡ ਕੇ ਵੱਖਰਾ ਹੋਵੇਗਾ'' (ਮੱਤੀ 19:5)। ਵਿਆਹ ਇਕ ਨਵੇਂ ਸਬੰਧ ਦਾ ਬਣਨਾ ਹੈ।

- ਹੋ ਸਕੇ, ਤਾਂ ਇਕ ਸਰੀਰਕ ਛੱਡਣਾ ਜ਼ਰੂਰੀ ਹੈ। ਇਕ ਜਵਾਨ ਅਤੇ ਮੁਟਿਆਰ ਨੇ ਆਪਣਾ ਘਰ ਛੱਡਿਆ ਹੋਵੇ। ਨਵਵਿਆਹਿਆਂ ਵਿਚ ਝਗੜੇ ਦੇ ਤਿੰਨ ਮੁੱਖ ਕਾਰਣ ਵਿੱਚੋਂ ਇਸ ਮੋਹਰੇ ਹੁੰਦੇ ਹਨ।[5]
- ਆਰਥਿਕ ਛੱਡਣਾ ਵੀ ਜ਼ਰੂਰੀ ਹੈ। ਜਦੋਂ ਤਕ ਜਵਾਨ ਪਰਿਵਾਰ ਦੀ ਆਰਥਿਕ ਜ਼ਿੰਮੇਵਾਰੀ ਲੈਣ ਨੂੰ ਤਿਆਰ ਨਾ ਹੋਵੇ, ਤਦ ਤਕ ਸ਼ਾਇਦ ਉਸ ਨੂੰ ਵਿਆਹ ਨਹੀਂ ਕਰਨਾ ਚਾਹੀਦਾ।[6] ਪਰਿਵਾਰ ਝਗੜੇ ਦੇ ਤਿੰਨ ਮੁੱਖ ਕਾਰਣਾਂ ਵਿੱਚੋਂ ਇਕ ਪੈਸਾ ਵੀ ਹੈ।
- ਸਭ ਤੋਂ ਵਧ ਕੇ, ਭਾਵਨਾਤਮਕ ਛੱਡਣਾ ਵੀ ਹੋਣਾ ਚਾਹੀਦਾ ਹੈ। ਜਵਾਨ ਜਿਹੜਾ ਆਪਣੀ ਪਤਨੀ ਨੂੰ ਕਹਿੰਦਾ ਹੈ, ''ਮੇਰੀ ਮਾਂ ਇਸ ਤਰ੍ਹਾਂ ਨਹੀਂ ਬਣਾਉਂਦੀ,'' ਜਾਂ ਜਿਹੜੀ ਮੁਟਿਆਰ ਆਪਣੇ ਪਤੀ ਨੂੰ ਕਹਿੰਦੀ ਹੈ, ''ਮੇਰੇ ਪਿਤਾ ਜੀ ਇਸ ਨੂੰ ਸੰਭਾਲਣਾ ਜਾਣਦੇ ਹਨ।'' ਵਿਆਹ ਤੋਂ ਬਾਅਦ, ਤੁਸੀਂ ਆਪਣੀ ਮਾਂ ਅਤੇ ਪਿਤਾ ਨਾਲ ਪਿਆਰ ਕਰਦੇ ਹੋ, ਪਰ ਤੁਹਾਡਾ ਸਬੰਧ ਅਲੱਗ ਹੋ ਗਿਆ ਹੈ। ਤਦ ਤੋਂ, ਤੁਹਾਡੀ ਜ਼ਿੰਦਗੀ ਦਾ ਸਭ ਤੋਂ ਮਹੱਤਵਪੂਰਣ ਇਨਸਾਨ ਤੁਹਾਡਾ ਜੀਵਨ ਸਾਥੀ ਹੋਣਾ ਜ਼ਰੂਰੀ ਹੈ।

ਵਿਆਹ ਦੇ ਲਈ *ਨਾਲ ਰਹਿਣਾ* ਜ਼ਰੂਰੀ ਹੈ: ਮਰਦ ਆਪਣੇ ਮਾਪੇ ਛੱਡ ਕੇ ਆਪਣੀ ਤੀਵੀਂ ਨਾਲ ਮਿਲਿਆ ਰਹੇਗਾ (ਵੇਖੋ ਮੱਤੀ 19:5)। ''*ਨਾਲ* ਲਈ ... ਇਬਰਾਨੀ ਭਾਸ਼ਾ ਦਾ ਸ਼ਬਦ[7] *ਚੰਬੜਨਾ* ਵੀ ਹੈ।''[8] ਜਦੋਂ ਦੋ ਫੱਟਿਆਂ ਨੂੰ ਚੰਗੀ ਤਰ੍ਹਾਂ ਚਿਪਕਾ ਦਿੱਤਾ ਜਾਂਦਾ ਹੈ, ਤਾਂ ਉਨ੍ਹਾਂ ਦਾ ਜੋੜ ਲੱਕੜ ਨਾਲੋਂ ਵੀ ਮਜ਼ਬੂਤ ਹੋ ਜਾਂਦਾ ਹੈ। ਤਖ਼ਤਿਆਂ ਨੂੰ ਹੁਣ ਪਹਿਲੀ ਹਾਲਤ ਵਿਚ ਵੱਖ ਨਹੀਂ ਕੀਤਾ ਜਾ ਸਕਦਾ; ਉਨ੍ਹਾਂ ਨੂੰ ਵੱਖ ਕਰਨ ਦੀ ਕੋਈ ਵੀ ਕੋਸ਼ਿਸ਼ ਦੋਵਾਂ ਵਿੱਚੋਂ ਇਕ ਜਾਂ ਦੋਵਾਂ ਨੂੰ ਨੁਕਸਾਨ ਪਹੁੰਚਾਵੇਗੀ।

ਵਿਆਹ ਦੇ ਲਈ *ਏਕਤਾ* ਜ਼ਰੂਰੀ ਹੈ: ''ਉਹ ਦੋਵੇਂ ਇਕ ਸਰੀਰ ਹੋਣਗੇ। ਸੋ ਹੁਣ ਉਹ ਦੋ ਨਹੀਂ ਬਲਕਣ ਇੱਕੋ ਸਰੀਰ ਹਨ'' (ਆਇਤਾਂ 5ਅ, 6ੳ)।

- *ਕਾਨੂੰਨੀ* ਏਕਤਾ ਹੋਣੀ ਵੀ ਜ਼ਰੂਰੀ ਹੈ। ਬਾਈਬਲ ਸਿਖਾਉਂਦੀ ਹੈ ਕਿ ਸਾਨੂੰ ਦੇਸ਼ ਦੇ ਕਾਨੂੰਨ ਦਾ ਪਾਲਨ ਕਰਨਾ ਚਾਹਿਦਾ ਹੈ (ਰੋਮੀਆਂ 13:1), ਜਿਸ ਵਿਚ ਵਿਆਹ ਦਾ ਕਾਨੂੰਨ ਵੀ ਹੈ।
- *ਸਰੀਰਕ* ਏਕਤਾ ਹੋਣੀ ਚਾਹੀਦੀ ਹੈ। ''ਇੱਕੋ ਸਰੀਰ'' ਕਥਨ ਖ਼ਾਸ ਤੌਰ ਤੇ ਸਰੀਰਕ

ਸਬੰਧ ਬਾਰੇ ਨਹੀਂ ਹੈ (ਵੇਖੋ 1 ਕੁਰਿੰਥੀਆਂ 6:16)। ਵਿਆਹ ਵਿਚ ਇਹ ਸਬੰਧ ਸੋਹਣਾ ਹੈ, ਵਿਆਹ ਦੇ ਬੰਧਨ ਤੋਂ ਬਾਹਰ ਇਹ ਕਰੂਪ ਹੈ। ਸਰੀਰਕ ਸਬੰਧ ਸਿਰਫ਼ ਪਲ ਭਰ ਦਾ ਸਰੀਰਕ ਅਨੰਦ ਲੈਣ ਲਈ ਨਹੀਂ ਹੈ। ਅਸਲ ਸਰੀਰਕ ਏਕਤਾ ਪਾਉਣ ਲਈ ਸਮਾਂ, ਧੀਰਜ ਅਤੇ ਦੂਜਿਆਂ ਲਈ ਚਿੰਤਾ ਦੀ ਲੋੜ ਹੈ। ਵਿਆਹ ਵਿਚ ਝਗੜੇ ਦਾ ਤੀਜਾ ਮੁੱਖ ਕਾਰਣ ਸਰੀਰਕ ਤਣਾਅ ਹੈ।

- *ਭਾਵਨਾਤਮਕ* ਏਕਤਾ ਹੋਣੀ ਜ਼ਰੂਰੀ ਹੈ (ਵੇਖੋ ਅਫ਼ਸੀਆਂ 5:28, 29)। ਇਸ ਵਿਚ ਇਕ ਦੂਜੇ ਨਾਲ ਗੱਲ ਕਰਨਾ ਅਤੇ ਇਕੱਠੇ ਕੰਮ ਕਰਨਾ ਸਿੱਖਣਾ ਸ਼ਾਮਿਲ ਹੈ। ਕਦੀ ਵੀ ਆਪਣੇ ਵਿਆਹ ਨੂੰ ਐਵੇਂ ਨਾ ਸਮਝੋ; ਵਿਆਹੁਤਾ ਜ਼ਿੰਦਗੀ ਨੂੰ ਚੰਗਾ ਬਣਾਉਣ ਲਈ ਪੂਰੀ ਜ਼ਿੰਦਗੀ ਲੱਗ ਜਾਂਦੀ ਹੈ।
- ਸਭ ਤੋਂ ਵੱਧ ਕੇ *ਰੂਹਾਨੀ* ਏਕਤਾ ਹੋਣੀ ਚਾਹੀਦੀ ਹੈ: ਉਹ ਏਕਤਾ ਜੋ ਮਸੀਹ ਅਤੇ ਕਲੀਸੀਆ ਵਿਚ ਪਾਈ ਜਾਂਦੀ ਹੈ (ਅਫ਼ਸੀਆਂ 5:31–33)। ਹੁਣੇ ਦੁਆ ਕਰਨੀ ਸ਼ੁਰੂ ਕਰੋ ਕਿ ਖ਼ੁਦਾ ਤੁਹਾਨੂੰ ਵਿਆਹ ਕਰਨ ਲਈ ਇਕ ਵਿਸ਼ਵਾਸੀ ਮਸੀਹੀ ਲੱਭਣ ਵਿਚ ਸਹਾਇਤਾ ਕਰੇ, ਤਾਂ ਕਿ ਤੁਸੀਂ ਦੋਵੇਂ ਮਿਲ ਕੇ ''ਸਾਡੇ ਪ੍ਰਭੂ ਅਤੇ ਮੁਕਤੀ ਦਾਤੇ ਯਿਸੂ ਮਸੀਹ ਦੀ ਕਿਰਪਾ ਅਤੇ ਗਿਆਨ ਵਿਚ'' ਵਧ ਸਕੋ (2 ਪਤਰਸ 3:18)। ਪ੍ਰਭੂ ਲਈ ਆਪਸੀ ਪਿਆਰ ਤੋਂ ਵੱਧ ਕੇ ਵਿਆਹ ਨੂੰ ਇਕੱਠੇ ਬਣਾਉਣ ਵਿਚ ਹੋਰ ਕੋਈ ਗੱਲ ਮਦਦਗਾਰ ਨਹੀਂ ਹੋ ਸਕਦੀ।

## ਵਿਆਹ ਜ਼ਿੰਦਗੀ ਭਰ ਲਈ ਹੈ (ਮੱਤੀ 19:6-9)

ਤੁਹਾਡੇ ਲਈ ਸਮਝ ਵਾਲੀ ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਵਿਆਹ ਸਥਾਈ ਹੈ; ''ਸੋ ਜੋ ਪਰਮੇਸ਼ੁਰ ਨੇ ਜੋੜ ਦਿੱਤਾ ਹੈ ਉਹ ਨੂੰ ਮਨੁੱਖ ਅੱਡ ਨਾ ਕਰੇ'' (ਮੱਤੀ 19:6ਅ)।[9] ਖ਼ੁਦਾ ਨੂੰ ਤਲਾਕ ਤੋਂ ਨਫ਼ਰਤ ਹੈ (ਮਲਾਕੀ 2:16)। ਜੇ ਤੁਸੀਂ ਇਸ ਸੋਚ ਨਾਲ ਵਿਆਹ ਕਰਦੇ ਹੋ ਕਿ ''*ਜੇ* ਠੀਕ ਰਿਹਾ ਤਾਂ ਜ਼ਿੰਦਗੀ ਭਰ ਲਈ'' ਤਾਂ ਤੁਹਾਡੇ ਵਿਆਹ ਦਾ ਅੰਤ ਚੰਗਾ ਨਹੀਂ ਹੈ। ਇਸ ਲਈ ਇਹ ਜ਼ਾਹਿਰ ਤੌਰ ਤੇ ਸਮਝ ਲਵੋ ਕਿ ਜਦ ਤੁਹਾਡੇ ਵਿਆਹ ਵਿਚ ਮੁਸ਼ਕਿਲਾਂ ਆਉਣ (ਅਤੇ ਉਹ ਆਉਣਗੀਆਂ ਵੀ), ਤਾਂ ਤਲਾਕ ਇਸਦਾ ਬਦਲ ਨਹੀਂ ਹੈ, ਜੇ ਕੋਈ ਮਰਦ ਅਤੇ ਔਰਤ ਪ੍ਰਭੂ ਦੀ ਮਰਜ਼ੀ ਨੂੰ ਪੂਰਾ ਕਰਨ ਲਈ ਸਮਰਪਿਤ ਹਨ ਤਾਂ ਉਹ ਉਸ ਦੀ ਮਦਦ ਨਾਲ ਹਰ ਮੁਸ਼ਕਿਲ ਦਾ ਸਾਹਮਣਾ ਕਰ ਸਕਦੇ ਹਨ (ਫ਼ਿਲਿੱਪੀਆਂ 4:13)।

## ਸਾਰ

ਜੇ ਮੈਂ ਕਿਸੇ ਜਵਾਨ ਜੋੜੇ ਨਾਲ ਜਿਨ੍ਹਾਂ ਵਿਸ਼ਿਆਂ ਤੇ ਗੱਲ ਕਰਨੀ ਹੋਵੇ, ਤਾਂ ਉਹ ਪ੍ਰਤੀਕਿਰਿਆ ਜਤਾ ਕੇ ਸਵਾਲ ਪੁੱਛ ਸਕਦੇ ਹਨ। ਜੋ ਕੁਝ ਮੈਂ ਕਿਹਾ ਹੈ ਜੇ ਤੁਹਾਡੇ ਮਨ ਵਿਚ ਉਸ ਤੇ ਕੋਈ ਸਵਾਲ ਹੈ, ਤਾਂ ਤੁਸੀਂ ਮੈਨੂੰ ਦੱਸੋ।[10] ਜੇ ਤੁਸੀਂ ਇਕ ਦਿਨ ਵਿਆਹ ਕਰਨ ਦਾ ਕੋਈ ਵਿਚਾਰ ਕੀਤਾ ਹੈ, ਤਾਂ ਮੇਰੀ ਦੁਆ ਹੈ ਕਿ ਖ਼ੁਦਾ ਤੁਹਾਨੂੰ ਉਸ ਨੂੰ ਲੱਭਣ ਵਿਚ ਮਦਦ ਕਰੇ, ਜੋ ਤੁਹਾਨੂੰ ਖ਼ੁਦਾ ਵਿਚ ਪ੍ਰੋਤਸਾਹਿਤ ਕਰ ਸਕੇ ਜਾਂ ਪ੍ਰਭੂ ਵਿਚ ''ਤੁਹਾਡੇ ਹੱਥ ਨੂੰ ਤਕੜਾ ਕਰੇ'' (ਵੇਖੋ 1 ਸਮੂਏਲ 23:16 ਦੀ ਟਿੱਪਣੀ)। ''ਯਹੋਵਾਹ ਤੈਨੂੰ ਬਰਕਤ ਦੇਵੇ ਅਤੇ ਤੇਰੀ ਰਾਖੀ ਕਰੇ'' (ਗਿਣਤੀ 6:24)।

---

ਟਿੱਪਣੀਆਂ


[1]ਇਸ ਸਿਰਲੇਖ ਦੀ ਵਰਤੋਂ ਕਰਦੇ ਹੋਏ ਮੈਂ ਪਹਿਲੀ ਵਾਰ ਜਵਾਨਾਂ ਦੇ ਸਮੂਹ ਵਿਚ ਵੈਗਨਰ, ਓਕਲਾਹੋਮਾ

ਵਿਚ ਨਵੰਬਰ 1961 ਵਿਚ ਸੁਣਾਇਆ ਸੀ। ਸਤੰਬਰ 1985 ਵਿਚ ''ਤਾਂ ਤੁਸੀਂ ਵਿਆਹ ਕਰਨਾ ਚਾਹੁੰਦੇ ਹੋ'' ਤੇ ਗ੍ਰੇਟਰ ਫੋਰਟ ਵਰਥ, ਟੈਕਸਸ ਵਿਚ ਬ੍ਰਾਊਨ ਟ੍ਰੇਲ ਚਰਚ ਆਫ਼ ਕ੍ਰਾਈਸਟ ਵਿਚ ਨੀਲ ਪ੍ਰਾਇਰ ਨੇ ਸਿਖਾਇਆ ਸੀ। [2]ਮੈਂ ਕਈ ਵਾਰ ''ਅਰੇ, ਮੈਨੂੰ ਘੂਰ ਕੇ ਨਾ ਵੇਖੋ। ਚੇਤੇ ਨਹੀਂ ਇਹ ਨੀਲ ਪ੍ਰਾਇਰ ਦੀ ਕਹਾਣੀ ਹੈ?'' [3]ਵਚਨ ਲਈ ਪਿਛੋਕੜ ਨੂੰ ਸਮਝਾਉਣ ਲਈ ਤੁਸੀਂ ਪਿਛਲੇ ਪਾਠ ਵਿਚ ਦਿੱਤਾ ਵਰਣਨ ਦੱਸ ਸਕਦੇ ਹੋ। ਸਫ਼ਾ 42 ਤੇ ''ਜਦ ਤੁਹਾਡੇ ਮਨ ਵਿਚ ਸਵਾਲ ਹੋਵੇ'' ਪਾਠ ਵੇਖੋ। [4]ਇਹ ਜਾਣਕਾਰੀ ਮੇਰੀ ਪੇਸ਼ਕਾਰੀ ਦਾ ਸਾਰ ਹੈ। ਤੁਸੀਂ ਇਸ ਨੂੰ ਵਿਸਤਾਰ ਨਾਲ ਵੇਖ ਸਕਦੇ ਹੋ, ਉਦਾਹਰਣ ਦੇ ਸਕਦੇ ਹੋ ਅਤੇ ਲਾਗੂ ਕਰ ਸਕਦੇ ਹੋ। [5]ਵਿਆਹੇ ਹੋਏ ਲੋਕਾਂ ਦੇ ਝਗੜਿਆਂ ਦੇ ਕਾਰਣਾਂ ਤੇ ਕਰਵਾਏ ਗਏ ਜਨਮਤ ਵੱਖ ਵੱਖ ਹੁੰਦੇ ਹਨ, ਪਰ ਸਾਰਿਆਂ ਵਿਚ ਮੁਰਦਿਆਂ, ਧਨ, ਅਤੇ ਸਰੀਰਕ ਸਬੰਧਾਂ ਦੀ ਗੱਲ ਲਗਭਗ ਸਭ ਤੋਂ ਉੱਪਰ ਹੁੰਦੀ ਹੈ। [6]ਪਤੀ ਆਪਣੀ ਪਤਨੀ ਦਾ ''ਸਿਰ'' ਹੋਣਾ ਚਾਹੀਦਾ ਹੈ (ਅਫ਼ਸੀਆਂ 5:23)। ਇਹ ਸਿਰ ਹੋਣਾ ਜਿੰਨਾ ਵੱਡਾ ਅਧਿਕਾਰ ਹੈ ਉਨੀ ਹੀ ਵੱਡੀ ਆਪਣੀ ਪਤਨੀ ਦੀ ਦੇਖਭਾਲ ਦੀ ਜ਼ਿੰਮੇਵਾਰੀ ਵੀ ਹੈ (ਅਫ਼ਸੀਆਂ 5:28, 29), ਜਿਸ ਵਿਚ ਆਰਥਿਕ ਜ਼ਿੰਮੇਵਾਰੀ ਵੀ ਸ਼ਾਮਿਲ ਹੈ। ਜਵਾਨ ਮਰਦ ਅਤੇ ਜਵਾਨ ਔਰਤ ਦੋਵੇਂ ਕੰਮ ਕਰ ਸਕਦੇ ਹਨ, ਪਰ ਪਰਿਵਾਰ ਦੀਆਂ ਭੌਤਿਕ ਲੋੜਾਂ ਨੂੰ ਪੂਰਾ ਕਰਨਾ ਪਤੀ/ਪਿਤਾ ਦੀ ਜ਼ਿੰਮੇਵਾਰੀ ਹੈ। [7]''ਨਾਲ'' ਉਪਤ 2:24 ਵਿਚ ਵਰਤੋਂ ਕੀਤੇ ਗਏ ਸ਼ਬਦ ਦਾ ਅਨੁਵਾਦ ਹੈ। [8]ਡੌਨ ਐਂਡ ਜੇਨ ਸੈਕਵਹੋਟਰ, *ਲਿਵਿੰਗ ਟੂਗੈਦਰ ਇਨ ਨੌਲਜ* (ਹੰਟਸਿਵਲੇ, ਅਲਾਬਾਮਾ: ਪਬਲਿਸ਼ਿੰਗ ਡਿਜ਼ਾਈਨਜ਼, 1988), 60. [9]ਇੱਥੇ, ਮੈਂ ਆਮ ਤੌਰ ਤੇ 7 ਤੋਂ 9 ਆਇਤਾਂ ਤੇ ਚਰਚਾ ਕਰਦਾ ਹਾਂ, ''ਵਿਆਹ ਅਤੇ ਤਲਾਕ ਤੇ ਸਿੱਖਿਆ'' ਤੇ ਵਾਧੂ ਲੇਖ ਵੇਖੋ। [10]ਇਸ ਵਾਕ ਦਾ ਦਾਅਵਾ ਹੈ ਕਿ ਇਹ ਸਮੱਗਰੀ ਇਕ ਸਰਮਨ ਵਿਚ ਦਿੱਤੀ ਗਈ ਹੈ। ਜੇ ਇਸਦੀ ਵਰਤੋਂ ਕਲਾਸ ਵਿਚ ਹੁੰਦੀ ਹੈ ਤਾਂ ਪੇਸ਼ਕਾਰੀ ਦੌਰਾਨ ਸਵਾਲ ਪੁੱਛੇ ਜਾਣ ਨੂੰ ਦਲੇਰ ਕੀਤਾ ਜਾ ਸਕਦਾ ਹੈ।


## ਵਿਆਹ ਅਤੇ ਤਲਾਕ ਤੇ ਸਿੱਖਿਆ

ਤਲਾਕ ਦੇ ਮਸਲੇ ਵਧਣ ਤੇ, ਕਈ ਵਾਰ ਇਸ ਵਿਸ਼ੇ ਤੇ ਸਿੱਖਿਆ ਵਧਣ ਦੀ ਥਾਂ ਘਟ ਜਾਂਦੀ ਹੈ। ਸ਼ਾਇਦ ਪ੍ਰਚਾਰਕ ਕਿਸੇ ਦੇ ਜਜ਼ਬਾਤਾਂ ਨੂੰ ਠੇਸ ਨਹੀਂ ਪਹੁੰਚਾਉਣਾ ਚਾਹੁੰਦੇ। ਵਿਆਹ ਅਤੇ ਤਲਾਕ ਤੇ ਸਿਖਾਉਣ ਜਾਂ ਪ੍ਰਚਾਰਕ ਕਰਦੇ ਸਮੇਂ ਮੈਂ ਇਨ੍ਹਾਂ ਸਤਰਾਂ ਵਾਲਾ ਢੰਗ ਅਪਣਾਉਂਦਾ ਹਾਂ: ''ਤੁਹਾਡੇ ਵਿੱਚੋਂ ਕੋਈ ਤਲਾਕ ਦੇ ਸਦਮੇ ਵਿੱਚੋਂ ਲੰਘਿਆ ਹੋ ਸਕਦਾ ਹੈ। ਲੰਘਿਆ ਹੋਵੇ ਜਾਂ ਨਾ, ਪਰ ਮੈਂ ਜਾਣਦਾ ਹਾਂ ਕਿ ਤੁਸੀਂ ਚਾਹੁੰਦੇ ਹੋਵੋਗੇ ਕਿ ਮੈਂ ਜਵਾਨਾਂ ਨੂੰ ਜ਼ਾਹਿਰ ਕਰਾਂ ਕਿ ਵਿਆਹ ਜ਼ਿੰਦਗੀ ਭਰ ਲਈ ਹੈ।'' ''ਇਸ ਢੰਗ ਤੇ ਪ੍ਰਤੀਕਿਰਿਆ ਆਮ ਤੌਰ ਤੇ ਹਾਂ ਪੱਖੀ ਹੀ ਰਹਿੰਦੀ ਹੈ।'' ਸਿਖਾਉਂਦੇ ਹੋਏ, ਮੈਂ ਕਈ ਵਾਰ ਮੱਤੀ 19:3–9 ਅਤੇ ਮਰਕੁਸ 10:2–12 ਦੀਆਂ ਮੁੱਖ ਗੱਲਾਂ ਨੂੰ ਸਮਝਾਉਂਦੇ ਹਾਂ।


ਯਿਸੂ ਨੇ ਵਿਆਹ ਵਿਚ (ਮੱਤੀ 19:4, 5) ਇਕ ਮਰਦ ਦੇ ਆਪਣੀ ਤੀਵੀਂ ਦੇ ਨਾਲ ਰਹਿਣ ਦੀ ਗੱਲ ਕੀਤੀ ਸੀ।




ਦੋਹਾਂ ਨੂੰ ਨਾ ਸਿਰਫ਼ ਕਾਨੂੰਨੀ ਬੰਧਨ ਵਿਚ ਹੀ ਨਹੀਂ ਬੰਨ੍ਹਿਆ ਗਿਆ,[1] ਬਲਕਿ *ਖ਼ੁਦਾ* ਵੱਲੋਂ ਵੀ ਉਨ੍ਹਾਂ ਨੂੰ ''ਜੋੜਿਆ ਗਿਆ'' ਸੀ (ਮੱਤੀ 19:6)।





ਜੇ ਮਨੁੱਖਾਂ ਵੱਲੋਂ ''ਅੱਡ'' ਵੀ ਕੀਤੇ ਜਾਣ (ਮੱਤੀ 19:6), ਅਰਥਾਤ ਤਲਾਕ (X) ਲੈ ਵੀ ਲੈਣ ਤਾਂ ਵੀ ਉਹ ਖ਼ੁਦਾ ਵੱਲੋਂ ਜੁੜੇ ਰਹਿੰਦੇ ਹਨ।





ਦੂਜੇ ਸ਼ਬਦਾਂ ਵਿਚ, ਉਹ ਅਜੇ ਵੀ ਵਿਆਹੇ ਹੀ ਹਨ।

ਇਸ ਲਈ, ਜੇ ਕੋਈ ਮਰਦ ਆਪਣੀ ਤੀਵੀਂ ਨੂੰ ਤਲਾਕ ਦੇ ਕੇ ਕਿਸੇ ਦੂਜੀ ਨਾਲ ਵਿਆਹ ਕਰੇ, ਬਿਨਾਂ ਅਨੈਤਿਕਤਾ ਦੇ ਕਾਰਣ, ਤਾਂ ਉਹ *ਵਿਭਚਾਰ* ਕਰਨ ਦਾ ਦੋਸ਼ੀ ਹੈ (ਮੱਤੀ 19:9)।[2] ਇਹ ਇਸ ਲਈ ਹੈ ਕਿਉਂਕਿ ਖ਼ੁਦਾ ਦੀ ਨਜ਼ਰ ਵਿਚ ਉਹ ਅਜੇ ਵੀ ਪਹਿਲੀ ਪਤਨੀ ਨਾਲ ਵਿਆਹਿਆ ਹੋਇਆ ਹੈ।




ਇਹੀ ਗੱਲ ਆਪਣੇ ਪਤੀ ਨੂੰ ਤਲਾਕ ਦੇ ਕੇ ਕਿਸੇ ਦੂਜੇ ਮਰਦ ਨਾਲ ਵਿਆਹ ਕਰਨ ਵਾਲੀ ਔਰਤ ਉੱਤੇ ਲਾਗੂ ਹੰਦੀ ਹੈ (ਮਰਕੁਸ 10:12)।




ਇਸਦਾ ਇੱਕੋ ਅਪਵਾਦ ਉਹ ਹਾਲਤ ਸੀ, ਜਿਸ ਵਿਚ ਦੋਹਾਂ ਵਿੱਚੋਂ ਇਕ ਵੀ ਵਿਆਹ ਦੇ ਆਪਣੇ ਵਾਅਦੇ ਪੂਰੇ ਨਾ ਕਰੇ।[3] ਇਸ ਤਰ੍ਹਾਂ ਹੋਣ ਤੇ, ਨਿਰਦੋਸ਼ ਪੱਖ ਆਪਣੇ ਪਤੀ ਜਾਂ ਪਤਨੀ ਕੋਲੋਂ ਤਲਾਕ ਲੈ ਕੇ ਖ਼ੁਦਾ ਨੂੰ ਨਰਾਜ਼ ਕੀਤੇ ਬਿਨਾਂ[4] ਦੁਬਾਰਾ ਵਿਆਹ[5] ਕਰ ਸਕਦਾ/ਸਕਦੀ ਹੈ।

---

ਟਿੱਪਣੀਆਂ

[1]ਬਾਈਬਲ ਦੱਸਦੀ ਹੈ ਕਿ ਸਾਨੂੰ ਦੇਸ਼ ਦੇ ਕਾਨੂੰਨ ਦਾ ਪਾਲਨ ਕਰਨਾ ਚਾਹੀਦਾ ਹੈ (ਰੋਮੀਆਂ 13:1)। ਇਸ ਵਿਚ ਉਹ ਕਾਨੂੰਨ ਵੀ ਸ਼ਾਮਿਲ ਹਨ, ਜਿਨ੍ਹਾਂ ਨਾਲ ਜਾਇਜ਼ ਵਿਆਹ ਹੁੰਦਾ ਹੈ। [2]ਵਿਭਚਾਰ ਲਈ ਯੂਨਾਨੀ ਸ਼ਬਦ ਦਾ ਅਨੁਵਾਦ ''ਜ਼ਨਾਹ'' ਕਿਸੇ ਵੀ ਸਰੀਰਕ ਪਾਪ ਲਈ ਆਮ ਅਰਥ ਵਿਚ ਕੀਤਾ ਜਾ ਸਕਦਾ ਹੈ, ਜਿਵੇਂ ਕੂਚ 20:14 ਵਿਚ ਇਸ ਦੀ ਵਰਤੋਂ ਘੱਟੋ-ਘੱਟ ਇਕ ਵਿਆਹੇ ਹੋਏ ਸ਼ਖ਼ਸ ਦੇ ਸਰੀਰਕ ਪਾਪ ਵਿਚ ਸ਼ਾਮਿਲ ਹੋਣ ਦੇ ਖ਼ਾਸ ਅਰਥ ਵਿਚ ਵੀ ਕੀਤੀ ਜਾ ਸਕਦੀ ਹੈ। ਇਸ ਆਇਤ ਵਿਚ ਇਸ ਦੀ ਵਰਤੋਂ ਦੂਜੇ ਅਰਥ ਵਿਚ ਕੀਤੀ ਗਈ ਹੈ। [3]ਇਸ ਵਾਧੂ ਲੇਖ ਵਿਚ ਤਿਆਰ ਕੀਤੇ ਗਏ ਚਾਰਟ ਦੀ ਵਰਤੋਂ ਕਰਦੇ ਹੋਏ, ਅਖ਼ੀਰ ਵਿਚ ਮੈਂ ਹੇਠਾਂ ਇਹ ਸ਼ਬਦ ਪਾ ਦਿੰਦਾ ਹਾਂ: ''ਅਪਵਾਦ: ਅਨੈਤਿਕਤਾ ਲਈ।'' ਯੂਨਾਨੀ ਵਿਚ ''ਜ਼ਨਾਹ ਨੂੰ ਛੱਡ ਕੇ'' ਹੈ (ਵੇਖੋ KJV)। ਇਸ ਦੇ ਲਈ ਅੰਗ੍ਰੇਜ਼ੀ ਵਿਚ ''fornication'' ਸ਼ਬਦ ਹੈ, ਜਿਸ ਦੀ ਵਰਤੋਂ ਆਮ ਅਰਥ ਵਿਚ ਕਿਸੇ ਵੀ ਜਿਸਮੀ ਪਾਪ ਲਈ ਜਾਂ ਖ਼ਾਸ ਤੌਰ ਤੇ ਦੋ ਅਣਵਿਆਹੇ ਵਿਅਕਤਿਆਂ ਵਿਚਕਾਰ ਜਿਸਮੀ ਸਬੰਧ ਹੈ। ਇਸ ਆਇਤ ਵਿਚ ਜ਼ਾਹਿਰ ਤੌਰ ਤੇ ਇਸਦੀ ਵਰਤੋਂ ਵਿਆਹ ਤੋਂ ਬਾਅਦ ਕੀਤੇ ਜਾਣ ਵਾਲੇ ਕਿਸੇ ਵੀ ਪਾਪ ਲਈ ਹੈ। [4]ਮੇਰਾ ਮੰਨਣਾ ਹੈ ਕਿ ''ਅਨੈਤਿਕਤਾ ਦਾ ਅਪਵਾਦ'' ਨਾ ਸਿਰਫ਼ ਤਲਾਕ ਨੂੰ ਸੁਧਾਰਣਾ ਹੈ, ਬਲਕਿ ਕਿਸੇ ਦੂਜੇ ਨਾਲ ਵਿਆਹ ਕਰਨ ਨੂੰ ਵੀ ਸੁਧਾਰ ਦੇ ਰਾਹੀਂ ਵਿਆਹ ਕਰਨ ਦੀ ਇਜਾਜ਼ਤ ਦਿੰਦਾ ਹੈ, ਪਰ ਦੁਬਾਰਾ ਵਿਆਹ ਦੀ ਨਹੀਂ। [5]ਸਮਝ ਲਓ ਕਿ ਯਿਸੂ ਦੇ ਸ਼ਬਦ ''ਨਿਰਦੋਸ਼ ਪੱਖ'' ਵੱਲੋਂ ਤਲਾਕ ਦੀ *ਇਜਾਜ਼ਤ* ਦਿੰਦੇ ਹਨ, ਪਰ ਇਸਦਾ *ਹੁਕਮ* ਨਹੀਂ। ਤਲਾਕ ਨੂੰ ਕਦੀ ਵੀ ਹਲਕੇ ਵਿਚ ਨਹੀਂ ਲੈਣਾ ਚਾਹੀਦਾ, ਭਾਵੇਂ ਇਸਦਾ ''ਕਾਰਨਵਚਨ ਮੁਤਾਬਿਕ'' ਹੀ ਕਿਉਂ ਨਾ ਹੋਵੇ। ਇਸਦੇ ਅਸਿਧੇ ਪ੍ਰਭਾਵ ਰਹਿੰਦੇ ਹੀ ਹਨ, ਖ਼ਾਸ ਕਰਕੇ ਬੱਚਿਆਂ ਤੇ। ''ਚੰਗਾ ਤਲਾਕ'' ਵਰਗੀ ਕੋਈ ਚੀਜ਼ ਨਹੀਂ ਹੈ।